**ਪੰਜਾਬ ਸਰਕਾਰ**
**ਸਿੱਖਿਆ ਵਿਭਾਗ**

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ:ਸਿ:), ਪੰਜਾਬ।
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ:ਸਿ:) ਪੰਜਾਬ।
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
ਸਮੂਹ ਸਕੂਲ ਮੁੱਖੀ, ਸਰਕਾਰੀ ਸਕੂਲ, ਪੰਜਾਬ।

ਮੀਮੋ ਨੰ: ਰਮਸਅ/ਸਿ.ਟ/2019/25508
ਮਿਤੀ: ਚੰਡੀਗੜ੍ਹ 21-01-2019

**ਵਿਸ਼ਾ:- ਸਕੂਲਾਂ ਦੇ ਇਨਫਰਾਸਟਕਚਰ ਦੀ ਸੂਚਨਾ ਈ-ਪੰਜਾਬ ਪੋਰਟਲ ਤੇ ਅੱਪਲੋਡ ਕਰਨ ਸਬੰਧੀ।**

1.0 ਇਹ ਧਿਆਨ ਵਿੱਚ ਆਇਆ ਹੈ ਕਿ ਕੁੱਝ ਸਕੂਲਾਂ ਨੂੰ ਇਨਫਰਾਸਕਟਚਰ ਦੀ ਬਹੁਤ ਜ਼ਿਆਦਾ ਲੋੜ ਹੈ। ਪ੍ਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਸਕੂਲਾਂ ਵੱਲੋਂ ਪੋਰਟਲ ਤੇ ਮੁਕੰਮਲ ਸੂਚਨਾ ਅਪਲੋਡ ਨਹੀਂ ਕੀਤੀ ਜਾ ਰਹੀ, ਜਿਸ ਕਾਰਨ ਉੱਚ ਪੱਧਰ ਤੇ ਫੈਸਲਾ ਲੈਣ ਵਿੱਚ ਦੇਰੀ ਹੋ ਰਹੀ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲਾਂ ਵੱਲੋਂ ਜੋ ਡਾਟਾ ਪੋਰਟਲ ਤੇ ਅਪਲੋਡ ਕੀਤਾ ਗਿਆ ਹੈ ਉਹ ਅਜੇ ਵੀ ਠੀਕ ਨਹੀਂ ਹੈ।

2.0 ਸਮੂਹ ਸਕੂਲ ਮੁੱਖੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪੋ ਆਪਣੇ ਸਕੂਲ ਦਾ ਡਾਟਾ ਜੋ ਉਨ੍ਹਾਂ ਵੱਲੋਂ ਪੋਰਟਲ ਤੇ ਅਪਲੋਡ ਕੀਤਾ ਗਿਆ ਹੈ ਉਸ ਨੂੰ ਦੁਬਾਰਾ ਵੈਰੀਫਾਈ ਕਰਨ ਦੀ ਖੇਚਲ ਕਰਨ (ਵਿਸ਼ੇਸ਼ ਤੌਰ ਤੇ ਸਕੂਲ ਦੀ ਚਾਰ ਦੀਵਾਰੀ (ਬਾਊਂਡਰੀ ਵਾਲ), ਕਲਾਸ ਰੂਮ, ਟੁਆਇਲਟਸ, ਪੀਣ ਵਾਲਾ ਪਾਣੀ (ਡਰਿੰਕਿੰਗ ਵਾਟਰ) ਸਹੂਲਤਾਂ ਆਦਿ)। ਸਰਕਾਰ ਦੁਆਰਾ ਸਕੂਲਾਂ ਨੂੰ ਅੱਗੇ ਤੋਂ ਜੋ ਵੀ ਇਨਫਰਾਸਕਚਰ ਮੁਹੱਈਆ ਕਰਵਾਇਆ ਜਾਣਾ ਹੈ, ਉਹ ਪੋਰਟਲ ਤੇ ਦਰਜ ਡਾਟੇ ਅਨੁਸਾਰ ਹੀ ਕਰਵਾਇਆ ਜਾਣਾ ਹੈ।

3.0 ਆਪ ਜੀ ਨੂੰ ਇਹ ਵੀ ਬੇਨਤੀ ਕੀਤੀ ਜਾਂਦੀ ਹੈ ਕਿ ਡਾਕ ਰਾਹੀਂ ਸੂਚਨਾ ਭੇਜਣ ਤੋਂ ਗੁਰੇਜ਼ ਕੀਤਾ ਜਾਵੇ। ਇਸ ਸਬੰਧ ਵਿੱਚ ਪਹਿਲਾਂ ਵੀ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

**ਸਕੱਤਰ ਸਕੂਲ ਸਿੱਖਿਆ**

ਪਿੱਠ ਅੰਕਣ ਨੰ: ਉਕਤ ਮਿਤੀ: 21-01-2019

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ, ਪੰਜਾਬ।
2. ਡੀ.ਪੀ.ਆਈ.(ਸੈ:ਸਿ:) ਪੰਜਾਬ।
3. ਡੀ.ਪੀ.ਆਈ.(ਐ:ਸਿ:) ਪੰਜਾਬ।
4. ਡਾਇਰੈਕਟਰ ਐ.ਸੀ.ਈ.ਆਰ.ਟੀ. ਪੰਜਾਬ।

**ਸਕੱਤਰ ਸਕੂਲ ਸਿੱਖਿਆ**